# ਲੁੱਕ ਵਿਚ ਫਸੇ ਪੈਰ

**ਮੁਖ਼ਤਿਆਰ ਸਿੰਘ** ਦੀਆਂ ਦੋ ਕਹਾਣੀਆਂ 'ਤੇ ਆਧਾਰਿਤ।

***ਪਾਤਰ***

ਇਕ ਕਲਰਕ—ਉਮਰ 30 ਸਾਲ
ਕਲਰਕ ਦੀ ਪਤਨੀ
ਰਿਟਾਇਰਡ ਚਪੜਾਸੀ

# ਲੁੱਕ ਵਿਚ ਫਸੇ ਪੈਰ

ਸਥਾਨ : ਕਿਸੇ ਸਰਕਾਰੀ ਅਦਾਰੇ ਦੇ ਇਕ ਦਫ਼ਤਰ ਦਾ ਕੁਆਟਰ।

ਨਾਟਰ ਸ਼ੁਰੂ ਹੋਣ ’ਤੇ ਕਲਰਕ ਕੁਰਸੀ ’ਤੇ ਬੈਠਾ, ਕੋਈ ਰਸਾਲਾ ਜਿਹਾ ਪੜ੍ਹ ਰਿਹਾ ਹੈ – ਕੁੜਤਾ ਪਜਾਮਾ–ਜਿਹੜਾ ਛੁੱਟੀ ਵਾਲੇ ਦਿਨ ਦੀ ਪਹਿਚਾਣ ਹੈ, ਉਹ ਪਾਇਆ ਹੋਇਆ ਹੈ।

ਬੀਵੀ : (ਆਉਂਦੇ ਹੋਏ) ਮੈਂ ਕਿਹਾ ਸੁਣਦੇ ਹੋ ?

ਕਲਰਕ : ਕੀ ਗੱਲ ਏ ?

ਬੀਵੀ : ਗੁਆਂਢੀਆਂ ਨੇ ਸਾਰੀਆਂ ਕਿਆਰੀਆਂ ਬੀਜ ਲੈਣੀਆਂ ਨੇ, ਆਪਣਾ ਕੀ ਬਣੇਗਾ ?

ਕਲਰਕ : ਆਪਣਾ ਕੀ ਬਣੇਗਾ ? ਕੀ ਮਤਲਬ ? ਸਾਡਾ ਕੀ ਬਣਨਾ ਏ, ਅਸਾਂ ਵੀ ਬੀਜ ਲਵਾਂਗੇ।

ਬੀਵੀ : ਪਰ ਬੀਜੋਗੇ ਕਿਥੇ ? ਤੁਸੀਂ ਅੱਗੇ ਅੱਗੇ ਪਾਈ ਜਾਂਦੇ ਹੋ, ਉਨ੍ਹਾਂ ਨੇ ਆਪਣੇ ਪਾਸੇ ਮੂਲੀਆਂ ਤਾਂ ਲਾਈਆਂ ਹੀ ਸਨ, ਅੱਜ ਟੱਕ ਸਾਡੇ ਵੱਲ ਵੀ ਲਾ ਦਿੱਤਾ ਏ।

ਕਲਰਕ : ਭੁਲੇਖੇ ਨਾਲ ਲੱਗ ਗਿਆ ਹੋਣੈ, ਇਥੇ ਕਿਹੜਾ ਪਟਵਾਰੀ ਨੇ ਖੱਤ ਪਾਏ ਹੋਏ ਨੇ।

ਬੀਵੀ : ਜੇ ਤੁਸੀਂ ਕੁਝ ਨਾ ਕੀਤਾ ਤਾਂ ਇਹ ਭੁਲੇਖਾ ਵੱਧਦਾ ਹੀ ਜਾਣਾ ਏ, ਅੱਜ ਇਕ ਟੱਕ ਮੂਲੀਆਂ ਦਾ ਲੱਗ ਜਾਏਗਾ ਤੇ ਪਰਸੋਂ ਗੰਡਿਆਂ ਦਾ...

ਕਲਰਕ : ਕੀ ਮਤਲਬ... ?

ਬੀਵੀ : ਹਰ ਗੱਲ ਵਿਚ ਕੀ ਮਤਲਬ ? ਮਤਲਬ ਏ ਕਿ ਉਨ੍ਹਾਂ ਇਹੀ ਸਮਝਣਾ ਅਸੀਂ ਕਿਹੜਾ ਬੀਜਣਾ ਏ ਆਪਣੀ ਕਿਆਰੀ ਹੋਰ ਵੱਡੀ ਬਣਾ ਲੈਣਗੇ।

ਕਲਰਕ : ਐਵੇਂ ਵਹਿਮ ਨਹੀਂ ਕਰੀਦਾ, ਅਮਰ ਸਿੰਘ ਇਹੋ ਜਿਹਾ ਨਹੀਂ।

ਬੀਵੀ : ਉਹ ਭਾਵੇਂ ਕਿਹੋ ਜਿਹਾ ਵੀ ਹੋਵੇ, ਪਰ ਤੁਸੀਂ ਉਹਦੀ ਵਹੁਟੀ ਨੂੰ ਨਹੀਂ ਜਾਣਦੇ।

ਕਲਰਕ : ਮੈਂ ਉਸਨੂੰ ਬੜਾ ਜਾਣਦਾ ਹਾਂ।

ਬੀਵੀ : ਤੁਸੀਂ ਉਸਨੂੰ ਜਾਣਦੇ ਹੋ ? ਕੀ ਮਤਲਬ ਤੁਹਾਡਾ ?

ਕਲਰਕ : ਮਤਲਬ ਕਿ ਜਾਣਦਾ ਹਾਂ, ਗੁਆਂਢਣ ਜੋ ਹੋਈ।

ਬੀਵੀ : ਸ਼ਹਿਰਨ ਬੜੀ ਚਲਾਕ ਏ, ਸਵੇਰੇ ਕਹੀ ਆਪ ਮਾਰਦੀ ਸੀ।

ਕਲਰਕ : ਉਹਨੇ ਕਹੀ ਕੀ ਮਾਰਨੀ ਏ ? ਨਾਲੇ ਤੂੰ ਦੱਸਦੀ ਸੀ ਬਿਮਾਰ ਰਹਿੰਦੀ ਏ।

ਬੀਵੀ : ਆਪਣੇ ਮਤਲਬ ਨੂੰ ਬਿਮਾਰ ਹੋ ਜਾਂਦੀ ਏ, ਆਪਣੇ ਮਤਲਬ ਨੂੰ ਰਾਜੀ ਹੋ ਜਾਂਦੀ ਏ, ਤੁਹਾਡਾ ਦੋਸਤ ਵੀ ਉਹਦੇ ਨਖਰੇ ਵੇਖਦਾ ਏ।

ਕਲਰਕ : ਉਹਦੀ ਵਹੁਟੀ ਏ ਭਾਵੇਂ ਨਖਰੇ ਵੇਖੇ, ਭਾਵੇਂ ਕੁਝ ਹੋਰ, ਸਾਨੂੰ ਉਹਦੇ ਨਾਲ ਕੀ ?

ਬੀਵੀ : ਕਿਉਂ ਸਾਨੂੰ ਇਹਦੇ ਨਾਲ ਕਿਉਂ ਨਹੀਂ ?ਜ਼ਮੀਨ ਦੀ ਸਫ਼ਾਈ ਅਸੀਂ ਕੀਤੀ ਤੇ ਸਬਜ਼ੀਆਂ ਲਾਉਣ ਵੇਲੇ ਕਹੀ ਉਨ੍ਹਾਂ ਚਲਾ ਦਿੱਤੀ।

ਕਲਰਕ : ਅਮਰ ਸਿੰਘ ਤਾਂ ਕਹਿੰਦਾ ਸੀ ਕਿ ‘ਕੱਠੀ ਬੀਜ ਲਵਾਂਗੇ ਤੇ ਫੇਰ ਸਬਜ਼ੀਆਂ ਵੀ ਅੱਧ ਕਰ ਲਵਾਂਗੇ।

ਬੀਵੀ : ਅਮਰ ਸਿੰਘ ਪਹਿਲੇ ਕਹਿੰਦਾ ਸੀ ਹੁਣ ਨਈਂ ਕਹਿੰਦਾ। ਉਹਦੀ ਵਹੁਟੀ ਪਰ੍ਹੇ ਵਾਲੇ ਕਵਾਟਰ ਵਾਲਿਆਂ ਨੂੰ ਕਹਿੰਦੀ ਸੀ ਅਸੀਂ ਨਈਂ ਭਾਈਵਾਲੀ ਪਾਉਣੀ ਅਖੇ ਬਰਾੜ ਹੁਰਾਂ ਨੂੰ ਵਿਹਲ ਹੀ ਨਹੀਂ ਮਿਲਣੀ ਕਿਤਾਬਾਂ ਰਿਸਾਲਿਆਂ ਤੋਂ, ਅਖੇ ਕਹੀ ਸਾਡੇ ਤੋਂ ਚਲਾਉਣੀ ਆ ਤੇ ਸਬਜ਼ੀ ਦਾ ਅੱਧ ਬਰਾੜ ਨੇ ਲੈ ਜਾਣਾ...ਹੁਣ ਵਹੁਦੇ ਕੋਲੋਂ ਕੋਈ ਪੁੱਛੇ ਕਿ ਉਹਦੇ ਵਾਲੇ ਕੋਈ ਕਹੀ ਚਲਾਉਣਾ ਬਹੁਤਾ ਜਾਣਦੇ ਨੇ...ਜਦ ਕਿਆਰੀਆਂ ’ਚ ਇਨ੍ਹਾਂ ਰੋੜੇ ਕੱਢਣੇ ਸਨ ਖੱਬਲ ਕੱਢਣਾ ਸੀ ਉਹ ਤਾਂ ਬਰਾੜ ਨੇ ਹੀ ਕੱਢਿਆ ਸੀ ਉਸ ਵੇਲੇ ਤਾਂ ਉਨ੍ਹਾਂ ਦੇ ਹੱਥ ਦੁੱਖਦੇ ਸਨ।

ਕਲਰਕ : ਸ਼ਹਿਰਨ ਦਾ ਮੈਨੂੰ ਨਹੀਂ ਪਤਾ ਪਰ ਅਮਰ ਸਿੰਘ ਨੇ ਤਾਂ ਬਰਾਬਰ ਦਾ ਕੰਮ ਕੀਤਾ ਸੀ।

ਬੀਵੀ : ਇਹੋ ਤਾਂ ਮੈਂ ਕਹਿੰਦੀ ਆਂ ਕਿ ਉਸ ਸ਼ਹਿਰਨ ਦਾ ਤੁਹਾਨੂੰ ਨਈਂ ਪਤਾ, ਪਰ ਮੈਨੂੰ ਤਾਂ ਪਤਾ ਏ ਨਾ...ਸਵੇਰੇ ਕਿਆਰੀਆਂ ਬਣਾਉਣ ਵੇਲੇ ਬਸ ਪਿੱਠ ਕਰਕੇ ਖੜੋਤੀ ਰਹੀ, ਜਦ ਕਿ ਉਹਨੂੰ ਪਤਾ ਵੀ ਸੀ ਕਿ ਮੈਂ ਬੂਹੇ ’ਤੇ ਖੜੀ ਆਂ...ਅੱਗੇ ਪਿੱਛੇ ਭੈਣ ਜੀ ਭੈਣ ਜੀ ਕਹਿੰਦੀ ਥੱਕਦੀ ਨਈਂ...ਦਾਲ ਸਬਜ਼ੀਆਂ ਦਾ ਸੁਆਦ ਵੇਖਣ ਦੇ ਬਹਾਨੇ ਕੌਲੀ ਭਰ ਕੇ ਲੈ ਜਾਂਦੀ ਏ।

ਕਲਰਕ : ਅੱਜ ਤਾਂ ਉਹਦੀਆਂ ਸਾਰੀਆਂ ਬੁਰਾਈਆਂ ਅੱਗੇ ਆ ਗਈਆਂ, ਉਂਝ ਤਾਂ ਤੂੰ ਵੀ ਉਹਦੀਆਂ ਤਰੀਫ਼ਾਂ ਦੇ ਪੁੱਲ ਬਣਾਉਂਦੀ ਰਹਿੰਦੀ ਸੀ ਕਿ ਜ਼ੁਬਾਨ ਦੀ ਮਿੱਠੀ ਏ।

ਬੀਵੀ : ਬਸ ਜ਼ੁਬਾਨ ਦੀ ਮਿੱਠੀ ਏ ਇਹੋ ਤਾਂ ਇਨ੍ਹਾਂ ਭਾਬੀਆਂ ਦੀ ਸਿਫਤ ਏ, ਵੀਰ ਜੀ...ਵੀਰ ਜੀ ਕਹਿੰਦੀਆਂ ਅਗਲੇ ਨੂੰ ਮੋਹ ਲੈਂਦੀਆਂ ਨੇ।

ਕਲਰਕ : ਪਰ ਮੈਨੂੰ ਤਾਂ ਉਹਨੇ ਕਦੇ ਨਹੀਂ ਮੋਹਿਆ, ਵੀਰ ਜੀ ਤਾਂ ਕਿੰਨੀ ਵਾਰੀ ਕਹਿ ਦਿੰਦੀ ਏ।

ਬੀਵੀ : ਉਹ ਤਾਂ ਘੱਟ ਨਾ ਕਰੇ ਭਾਵੇਂ ਕੰਧ ਓਹਲੇ ਹੋ ਕੇ ਸੁਣਦੀ ਹੋਵੇ, ਸਰਕਾਰੀ ਕੁਆਟਰਾਂ ਦੀਆਂ ਕੰਧਾਂ ਦਾ ਕਿਹੜਾ ਪਰਦਾ ਏ, ਥਾਂ-ਥਾਂ ਵਿਰਲਾਂ, ਸੀਮਿੰਟ ਦੀ ਥਾਂ ਰੇਤ ਹੀ ਠੋਕਿਆ ਪਿਐ। ਮੈਨੂੰ ਤਾਂ ਇਹੋ ਡਰ ਲੱਗਿਆ ਰਹਿੰਦਾ ਏ ਕਿ ਇਹ ਕੰਧਾਂ ਕਿਸੇ ਵੇਲੇ ਢਹਿ ਪੈਣੀਆਂ ਨੇ।

ਕਲਰਕ : ਹੋਰ ਤਾਂ ਕੰਧਾਂ ਢਹਿੰਦੀਆਂ ਨਈਂ, ਪਰ ਜਿਹੜੀਆਂ ਕੰਧਾਂ ਗਰੀਬ ਦਾ ਓਹਲਾ ਨੇ ਉਹ ਜ਼ਰੂਰ ਡਿੱਗ ਪੈਂਦੀਆਂ ਨੇ।

ਬੀਵੀ : ਕੀ ਕਿਹਾ ?

ਕਲਰਕ : ਮੈਂ ਕਿਸੇ ਲੇਖਕ ਦਾ ਫਿਕਰਾ ਦੁਹਰਾਇਆ ਏ।

ਬੀਵੀ : ਤੁਸੀਂ ਲੇਖਕਾਂ ਦੇ ਫਿਕਰੇ ਹੀ ਦੁਹਰਾਉਂਦੇ ਰਹਿਣਾ ਏ ਤੇ ਅਗਲਿਆਂ ਨੇ ਸਾਰੀ ਜ਼ਮੀਨ ਸਾਂਭ ਲੈਣੀ ਏ।

ਕਲਰਕ : ਤੈਨੂੰ ਤਾਂ ਚੱਪਾ ਜ਼ਮੀਨ ਦਾ ਫਿਕਰ ਪਿਆ ਏ, ਮੈਂ ਕੰਧਾਂ ਦੀ ਗੱਲ ਸੋਚ ਰਿਹਾ ਹਾਂ।

ਬੀਵੀ : ਕੁਆਟਰਾਂ ਵਾਲਿਆਂ ਨੂੰ ਚਾਹੀਦਾ ਏ ਕਿ ਮਿਲ ਕੇ ਆਵਾਜ਼ ਉਠਾਉਣ । ਕੰਧਾਂ ਦੇ ਦਰਵਾਜ਼ੇ ਕਿਹੜਾ ਚੱਜ ਦੇ ਨੇ...ਮੀਂਹ ਪਏ ਫੁੱਲ ਜਾਂਦੇ ਨੇ, ਧੁੱਪ ਪਏ ਸੁੱਕ ਜਾਂਦੇ ਨੇ...ਕੁੰਡਾ ਕੋਈ ਨਹੀਂ ਲਗਦਾ। ਹੁਣ ਸੜਕਾਂ ਦਾ ਹਾਲ ਈ ਵੇਖ ਲਓ, ਕਿਤੇ ਰੋੜੇ...ਕਿਤੇ ਕਈ ਸਾਲਾਂ ਦੀਆਂ ਬਸ ਇੱਟਾਂ ਹੀ ਲੱਗੀਆਂ ਨੇ ਤੇ ਕਿਤੇ ਇੱਟ ਵੀ ਨਈਂ। ਦੂਜੇ ਦਿਨ ਪੈਂਚਰ ਸਾਇਕਲ ਰੇੜ੍ਹਦੇ ਆਉਂਦੇ ਓ।

ਕਲਰਕ : ਤੂੰ ਕਹਿਨੀ ਏ ਕੱਠੇ ਹੋ ਕੇ ਗੱਲ ਕਰੀਏ ਕਿ ਕਵਾਟਰ ਵਿਚ ਸੀਮੇਂਟ ਦੀ ਥਾਂ ਰੇਤਾ ਕਿਉਂ ਥੱਪਿਆ ਪਿਆ ਏ...ਕੌਣ ਇਥੇ ਇਕੱਠਾ ਹੁੰਦਾ ਏ, ਰੌਲਾ ਪਾਈ ਜਾਣਗੇ ਚੀਕੀ ਜਾਣਗੇ ਪਰ ਜਦ ਕੋਈ ਸਾਂਝਾ ਮਸਲਾ ਲੈ ਕੇ ਇਕੱਠੇ ਹੋਣ ਲਈ ਕੋਈ ਕਵੇ ਤਾਂ ਸਾਰੇ ਤਿੱਤਰ-ਬਿੱਤਰ-ਡੱਡੂਆਂ ਦੀ ਪਨਸੇਰੀ ਕਦੇ ਪੂਰੀ ਨਈਂ ਹੋਈ...ਕਹਿੰਦੇ ਨੇ ਬਸ ਕੋਈ ਮੂੰਹ 'ਚ ਬੁਰਕੀ ਵੀ ਆ ਕੇ ਪਾ ਜਾਵੇ।

ਬੀਵੀ : ਲੈ ਤੁਸੀਂ ਤਾਂ ਹੋਰ ਈ ਗੱਲਾਂ ਛੇੜ ਕੇ ਬਹਿ ਗਏ। ਅਸੀਂ ਤਾਂ ਕਿਆਰੀ ਦੀ ਤਿਆਰੀ ਕਰਨੀ ਏ।

ਕਲਰਕ : ਬਣਾ ਦੇਂਦੇ ਹਾਂ ਕਿਆਰੀ ਵੀ...ਕਾਹਲੀ ਨਾ ਪਾਇਆ ਕਰ।

ਬੀਵੀ : ਹਾਲੀ ਤਾਂ ਕਹਿੰਦੇ ਹੋ ਕਾਹਲੀ ਪਈ ਆ, ਪਤਾ ਓਦੋਂ ਲਗਨਾ ਏ ਜਦੋਂ ਅਗਲਿਆਂ ਨੇ ਸਾਰੀ ਥਾਂ ਸਾਂਭ ਲੈਣੀ ਏ।

ਕਲਰਕ : ਹਲਾ ਮੈਂ ਗੁਪਤਾ ਹੁਰਾਂ ਦੀ ਕਹੀ ਫੜ ਲਿਆਵਾਂ...ਆਪਣੀ ਤਾਂ ਨੱਕ ਵੱਢਣ ਜੋਗੀ ਵੀ ਨਹੀਂ।

*(ਉੱਠਦਾ ਹੈ)*

ਬੀਵੀ : ਨੱਕ ਕਹੀ ਨੇ ਕੀ ਵੱਢਣਾ ਏ ? ਨੱਕ ਤਾਂ ਉਂ ਈ ਵੱਢਿਆ ਜਾਣਾ ਏ ਕਿ ਜੱਟਾਂ ਦੇ ਪੁੱਤਰ ਕੋਲੋਂ ਸਬਜ਼ੀ ਨਹੀਂ ਲਗਾਈ ਗਈ, ਭਾਪਿਆਂ ਲਾ ਲਈ...

ਕਲਰਕ : (ਜਾਂਦੇ ਹੋਏ) ਭਾਪਿਆਂ ਨੇ ਨਈਂ, ਭਾਪੀ ਨੇ ਲਾ ਲਈ।

ਬੀਵੀ : ਬਸ ਤੁਹਾਨੂੰ ਤਾਂ ਮਖੌਲ ਹੀ ਸੁੱਝਣਗੇ, ਤੁਸੀਂ ਸਮਝਦੇ ਹੋ ਕਿ ਮੈਂ ਆਪਣੀ ਗੁਆਂਢਣ ਦੀ ਗੱਲ ਕਰਦੀ ਆਂ। ਤੁਹਾਨੂੰ ਕੀ ਪਤਾ ਕਿੰਨੀ ਚਲਾਕ ਆ, ਤੀਜੇ ਚੌਥੇ ਦਿਨ ਤੇਲ ਦਾ ਭਰਿਆ ਸਟੋਵ ਮੰਗ ਲਏਗੀ, ਕਦੇ ਸਾਗ ਚਿਰਾ ਲਏਗੀ, ਅਖੇ ਤੁਹਾਨੂੰ ਪਿੰਡ ਵਾਲੀਆਂ ਨੂੰ ਸਾਗ ਚੀਰਨਾ ਬੜਾ ਸੋਹਣਾ ਆਉਂਦਾ ਏ। ਕਦੇ ਕਹੇਗੀ ਕਿ ਤੁਹਾਡਾ ਅਚਾਰ ਬੜਾ ਸੁਆਦ ਏ, ਆਪਣੇ ਘਰ ਚਾਹੇ ਭਾਂਡੇ ਭਰੇ ਹੋਣ। ਹੁਣ ਇਧਰ ਕਿਧਰ ਤੁਰ ਪਏ ਹੋ ?

ਕਲਰਕ : ਓਧਰ ਵੇਖਦੀ ਨਈਂ, ਚੌਕੜੀ ਜੁੜੀ ਹੋਈ, ਲੰਘਣ ਦੇਣਗੇ ਕਿਧਰੇ ? ਕੋਲ ਬਿਠਾ ਲੈਣਗੇ ਚੁਗਲੀਆਂ ਵੱਢਦੇ ਹੋਣੇ ਨੇ,ਫਲਾਣੇ ਦੀ ਫਲਾਣੀ ਬਰਾਂਚ ਵਿਚ ਬਦਲੀ ਹੋ ਗਈ, ਹੁਣ ਪਤਾ ਲੱਗੂ ਕਿ ਕੰਮ ਕਿਵੇਂ ਕਰੀਦਾ ਏ, ਫਲਾਣਾ ਕੁਝ ਕੋਲ ਹੀ ਬੈਠਾ ਰਹਿੰਦਾ ਏ,ਫਲਾਣਾ ਅਫ਼ਸਰ ਆਪਣਾ ਯਾਰ ਏ, ਕਈ ਵਾਰ ਨਾਲ ਦਾਰੂ ਪੀਤੀ ਏ, ਸਾਲੇ ਇਕ ਦੂਜੇ ਨੂੰ ਵੇਖ ਕੇ ਸੜੀ ਜਾਣਗੇ ਤੇ ਸੁੰਗੜੀ ਜਾਣਗੇ, ਹਰ ਵੇਲੇ ਦਫ਼ਤਰ ਦੀਆਂ ਗੱਲਾਂ ਘਰ ਵੀ ਬਾਹਰ ਈ।

ਬੀਵੀ : ਤੁਸੀਂ ਤਾਂ ਦਫ਼ਤਰ ਦੀ ਕੋਈ ਗੱਲ ਹੀ ਨਈਂ ਦਸਦੇ ਆਦਮੀ ਕੱਲੀ-ਕੱਲੀ ਗੱਲ ਆ ਕੇ ਰੋਜ਼ ਦਸਦੇ ਨੇ ਮੈਨੂੰ ਤਾਂ ਜ਼ਨਾਨੀਆਂ ਤੋਂ ਹੀ ਪਤਾ ਲਗਦੈ ਕਿ ਹੁਣ ਤਨਖਾਹ ਵੱਧ ਗਈ, ਹੁਣ ਬਕਾਏ ਦੇ ਪੈਸੇ ਮਿਲਣਗੇ ਫਲਾਣੇ ਨੇ ਦਫ਼ਤਰ ਵਿਚ ਪੰਜ ਵਾਰ ਚਾਹ ਪੀਤੀ, ਹੁਣ ਏਧਰ ਤੁਰ ਪਏ ਹੋ ਏਧਰ ਭਾਵੇਂ ਗੁਆਂਢਣ ਹੀ ਖਲੋਤੀ ਹੋਵੇ।

ਕਲਰਕ : ਉਹ ਤਾਂ ਖਲੋਤੀ ਹੀ ਏ।

ਬੀਵੀ : ਬਿੜਕਾਂ ਲੈਂਦੀ ਹੋਣੀ ਏ, ਚੱਲ ਲੈਂਦੀ ਜਾਏ ਜਿੰਨੀਆਂ ਮਰਜ਼ੀ, ਸਾਹਮਣੇ ਹੋ ਕੇ ਗੱਲ ਤਾਂ ਕਰਦੀ ਨੀ।

ਕਲਰਕ : ਹੁਣ ਤਾਂ ਅੰਦਰ ਚਲੀ ਗਈ ਏ।

ਬੀਵੀ : ਚਲੀ ਹੀ ਜਾਣੀ ਸੀ, ਜੇ ਕੋਈ ਕਿਸੇ ਗੱਲੋਂ ਕਾਣਾ ਹੋਵੇ ਤਾਂ ਐਦਾਂ ਲੁਕਦਾ ਫਿਰੂ, ਅੱਛਾ ਹੁਣ ਤੁਸੀਂ ਖਲੋਵੋ ਨਾ, ਜਾਣ ਦੀ ਕਰੋ।

ਕਲਰਕ : ਜਾਵਾਂ ਤਾਂ ਜੇਕਰ ਤੇਰੀ ਰਨਿੰਗ ਕਮੈਂਟਰੀ ਬੰਦ ਹੋਵੇ।

ਬੀਵੀ : ਅੱਛਾ ਮੈਂ ਬੰਦ ਕਰ ਦਿੱਤੀ, ਤੇ ਛੇਤੀ ਪਰਤ ਆਉਣਾ, ਉਹਨੇ ਜੇ ਕੋਈ ਦਫ਼ਤਰ ਦੀ ਗੱਲ ਛੇੜ ਦਿੱਤੀ ਤਾਂ ਉਥੇ ਹੀ ਬੈਠੇ ਰਵੋਗੇ। (ਜਾਂਦਾ ਹੈ)

ਬੀਵੀ : ਆਪ ਭਾਵੇਂ ਸਾਰਾ ਦਿਨ ਜਿੰਨੀਆਂ ਮਰਜ਼ੀ ਗੱਲਾਂ ਕਰ ਲੈਣ, ਆਖਣਾ ਇਹੀ ਕਿ ਜ਼ਨਾਨੀਆਂ ਗੱਲਾਂ ਬੜੀਆਂ ਕਰਦੀਆਂ ਨੇ, ਸਹਿਣੀ ਜੋ ਸਭ ਜ਼ਨਾਨੀਆਂ ਨੂੰ ਪੈਂਦੀ ਏ, ਆਪ ਤਾਂ ਤਿਆਰ ਹੋ ਕੇ ਦਫ਼ਤਰ ਚਲੇ ਜਾਣਾ ਤੇ ਜਾਂ ਘੁੱਟ ਕੁ ਦਾਰੂ ਦਾ ਲੈ ਕੇ ਬਹਿ ਜਾਣਾਗੇ, ਫੇਰ ਪਤਾ ਨਈਂ ਕੀ ਰਾਮ ਕਹਾਣੀਆਂ ਪਾਉਂਦੇ ਰਹਿਣਗੇ, ਨਸ਼ਾ ਭਾਵੇਂ ਚੜ੍ਹੇ ਨਾ ਚੜ੍ਹੇ ਪਰ ਵਿਖਾਵਾਂ ਇਨ੍ਹਾਂ ਕਰਨਗੇ ਜਿਕਰ ਬੋਤਲਾਂ ਦੀਆਂ ਬੋਤਲਾਂ ਚਾੜ੍ਹੀਆਂ ਹੋਣੀਆਂ ਨੇ, ਫੇਰ ਜੋ ਮੂੰਹ ਆਏਗਾ ਬਕਵਾਸ ਕਰਨਗੇ (ਬਾਹਰ ਵੱਲ ਵੇਖ ਕੇ) ਲੈ ਸ਼ਹਿਰਨ ਫੇਰ ਬਾਹਰ ਆ ਖਲੋਤੀ ਏ, ਪਹਿਰੇਦਾਰੀ ਕਰਦੀ ਏ, ਰੱਤੀ ਭਰ ਮੁੰਡਾ ਇਹਦਾ ਜੇ ਉਹ ਤੋਂ ਛੋਟੀ ਗੁੱਡੀ ਏਧਰ ਖੇਲਣ ਆ ਜਾਊ ਤਾਂ ਖਿੱਚ–ਖਿੱਚ ਕੇ ਕਹਿੰਦਾ ਨਿਕਲੂ ਮੰਮੀ ਨੇ ਕਿਹਾ ਏ ਇਨ੍ਹਾਂ ਦੇ ਘਰ ਨਈਂ ਜਾਣਾ ਕੁੜੀ ਰੋਊ ਪਿਟੂ ਨਈਂ ਜਾਣਾ...ਨਈਂ ਜਾਣਾ, ਫੇਰ ਇਹ ਆਪਣੇ ਮੁੰਡਿਆਂ ਨਾਲ ਸਕੂਲ ਨਈਂ ਜਾਂਦਾ, ਨਾ ਜਾਵੇ ਸਾਡੀ ਜੁੱਤੀ ਵੀ ਇਹਦੀ ਪ੍ਰਵਾਹ ਨਹੀਂ ਕਰਦੀ। ਇਹ ਤਾਂ ਭਰਾ ਰਾਮ ਸਿੰਘ ਹੁਰਾ ਕੋਲ ਜਿੰਨੀ ਦੇਰ ਮਰਜ਼ੀ ਬੈਠਣ, ਮੈਂ ਕਦੇ ਸੋਚਿਆ ਨਈਂ ਪਰ ਰਾਮ ਸਿੰਘ ਇਥੇ ਬੈਠੇ ਸਹੀ ਇਹਨੂੰ ਹੌਲ ਪੈ ਜਾਂਦਾ ਏ। ਰੋਟੀ ਦੇ ਬਹਾਨੇ ਸੱਦ ਲੈਂਦੀ ਏ, ਏਧਰ ਬੈਠੇ ਨੂੰ ਜ਼ਰਦੀ ਨਈਂ।

*(ਬਾਹਰੋਂ ਸੁੱਚਾ ਸਿੰਘ ਚਪੜਾਸੀ ਦੀ ਅਵਾਜ਼ ਆਉਂਦੀ ਹੈ।)*

ਚਪੜਾਸੀ : ਬਰਾੜ ਸਾਹਿਬ ਘਰ ਹੀ ਨੇ ?

ਬੀਵੀ : ਕੌਣ ਸੁੱਚਾ ਸਿੰਘ ? ਆ ਵੀਰ ਲੰਘ ਆ...

ਚਪੜਾਸੀ : ਇਹ ਫਾਇਲ ਲਿਆਇਆ ਸਾਂ, ਸਾਹਿਬ ਨੇ ਦਿੱਤੀ ਸੀ ਕਿ ਬਰਾੜ ਸਾਹਿਬ ਚੈੱਕ ਕਰ ਲੈਣ।

ਬੀਵੀ : ਕਿਉਂ ਤੇਰੇ ਸਾਹਿਬ ਨੂੰ ਬਰਾੜ ਸਾਹਿਬ ਛੁੱਟੀ ਮਨਾਉਂਦੇ ਚੰਗੇ ਨਈਂ ਲੱਗਦੇ ?

ਚਪੜਾਸੀ : ਕੋਈ ਇਹੋ ਜਿਹੀ ਹੀ ਗੱਲ ਲੱਗਦੀ ਏ।

ਬੀਵੀ : ਰੱਖ ਦੇ, ਹੁਣੇ ਆਉਂਦੇ ਨੇ ਦਸ ਦੇਵਾਂਗੀ, ਗੁਪਤਾ ਸਾਹਿਬ ਦੇ ਘਰ

ਕਹੀ ਲੈਣ ਗਏ ਨੇ।

ਚਪੜਾਸੀ : ਕਹੀ ਕਾਹਦੇ ਲਈ ?

ਬੀਵੀ : ਕਿਆਰੀਆਂ ਬਣਾਉਣ ਲਈ।

ਚਪੜਾਸੀ : ਲੈ ਬਰਾੜ ਸਾਹਿਬ ਕੋਲੋਂ ਹੁਣ ਕਹੀ ਕਦੋਂ ਚੱਲੇਗੀ ?

ਬੀਵੀ : ਕਿਉਂ ? ਜੱਟਾਂ ਦੇ ਪੁੱਤਰ ਨੇ।

ਚਪੜਾਸੀ : ਹੁਣ ਬੀਬੀ ਜੀ ਕਾਹਦੇ ਜੱਟਾਂ ਦੇ ਪੁੱਤਰ ? ਜਿਸ ਨੂੰ ਇਕ ਵਾਰੀ ਕਲਮ ਚਲਾਉਣ ਦੀ ਆਦਤ ਪੈ ਜਾਵੇ ਫੇਰ ਕਹੀ ਕਿਵੇਂ ਚੱਲੇਗੀ ? ਜੱਟਾਂ ਦੇ ਪੁੱਤ, ਲਾਲਿਆਂ ਦੇ ਪੁੱਤ, ਭਾਪਿਆਂ ਦੇ ਪੁੱਤ, ਕਰਾੜਾਂ ਦੇ ਪੁੱਤ, ਬਰਾੜਾਂ ਦੇ ਪੁੱਤ ਸਭ ਇਕ ਬਰਾਬਰ ਨੇ, ਤੁਸੀਂ ਦੱਸੋ ਬੀਬੀ ਜੀ ਦਿਹਾੜੀ ਵਿਚ ਜੇ ਪੰਜ ਵਾਰੀ ਚਾਹ ਪੀਣ ਦੀ ਆਦਤ ਪੈ ਜਾਵੇ ਤਾਂ ਹੱਡਾਂ ਵਿਚ ਕਹੀ ਚਲਾਉਣ ਲਈ ਜ਼ੋਰ ਕਿਥੇ ਰਹਿਣਾ ਹੋਇਆ ?

ਬੀਵੀ : ਪੰਜ-ਪੰਜ ਵਾਰ ਚਾਹ ਕਿਉਂ ਪੀਂਦੇ ਨੇ ?

ਚਪੜਾਸੀ : ਪੀਣੀ ਪੈ ਜਾਂਦੀ ਏ, ਦਫ਼ਤਰ ਦਾ ਕੰਮ ਹੀ ਕੁੱਤਾ ਕੰਮ ਏ, ਬੰਦਾ ਅੱਧੇ ਘੰਟੇ ਵਿਚ ਹੀ ਅੱਕ ਜਾਂਦਾ ਤੇ ਫੇਰ ਅਕੇਵਾਂ ਦੂਰ ਕਰਨ ਲਈ ਚਾਹ ਦਾ ਹੀ ਆਸਰਾ ਹੁੰਦਾ ਏ ਤੇ ਨਾਲੇ ਚਾਹ ਦੇ ਬਹਾਨੇ।

ਬੀਵੀ : ਚਾਹ ਦੇ ਬਹਾਨੇ ?

ਚਪੜਾਸੀ : ਇਕ ਦੂਜੇ ਨਾਲ ਟਿਚਕਰਾਂ ਕਰ ਲੈਂਦੇ ਨੇ—ਦਫ਼ਤਰ ਵਿਚ ਨਾਲ ਕੰਮ ਕਰਨ ਵਾਲੀਆਂ ਬੀਬੀਆਂ ਬਾਰੇ ਵੀ ਆਪਣੇ ਖਿਆਲਾਂ ਦਾ ਵਟਾਂਦਰਾ ਕਰ ਲੈਂਦੇ ਨੇ।

ਬੀਵੀ : ਤੇਰੇ ਬਰਾੜ ਸਾਹਿਬ ਵੀ ਕਰਦੇ ਨੇ ?

ਚਪੜਾਸੀ : ਮੇਰੇ ਬਰਾੜ ਸਾਹਿਬ ਨਈਂ ਤੁਹਾਡੇ, ਇਸ ਗੱਲੋਂ ਜੱਟਾਂ ਦੇ ਪੁੱਤਰ, ਲਾਲਿਆਂ ਦੇ ਪੁੱਤਰ, ਭਾਪਿਆਂ ਦੇ ਪੁੱਤਰ, ਕਰਾੜਾਂ ਦੇ ਪੁੱਤਰ, ਬਰਾੜਾਂ ਦੇ ਪੁੱਤਰ ਸਭ ਇਕ ਬਰਾਬਰ ਨੇ।

ਬੀਵੀ : ਅੱਛਾ ਸੁੱਚਾ ਸਿੰਘ ਇਹ ਤਾਂ ਦੱਸ ਜਿਹੜੀਆਂ ਕੁੜੀਆਂ ਤੁਹਾਡੇ ਦਫ਼ਤਰ ਕੰਮ ਕਰਦੀਆਂ ਨੇ ਕਿਹੋ ਜਿਹੀਆਂ ਨੇ।

ਚਪੜਾਸੀ : ਜਿਹੋ ਜਿਹੀਆਂ ਹੁੰਦੀਆਂ ਨੇ।

ਬੀਵੀ : ਕੀ ਮਤਲਬ ?

ਚਪੜਾਸੀ : ਕੁਝ ਭੋਲੀਆਂ ਕੁਝ ਚੰਚਲ ਕੁਝ ਆਪਣੇ ਆਪ ਵਿਚ ਸਿਮਟੀਆਂ ਹੋਈਆਂ ਤੇ ਕੁਝ ਬਾਹਰ ਡੁੱਲ-2 ਪੈਣ ਵਾਲੀਆਂ ਕੁਝ ਕੁਆਰੀਆਂ ਕੁਝ ਵਿਆਹੀਆਂ, ਕੁਝ ਵਿਆਹੀਆਂ ਵਰਗੀਆਂ ਕੁਆਰੀਆਂ ਤੇ ਕੁਝ ਕੁਆਰੀਆਂ ਵਰਗੀਆਂ ਵਿਆਹੀਆਂ। ਆਖਰ ਵੱਡਾ ਦਫ਼ਤਰ

ਏ, ਜੇ ਮਰਦ ਹਰ ਕਿਸਮ ਦੇ ਹੋ ਸਕਦੇ ਨੇ ਤੇ ਤੀਵੀਆਂ ਵੀ ਹਰ ਕਿਸਮ ਦੀਆਂ ਹੋਣੀਆਂ ਹੀ ਹੋਈਆਂ। ਪਰ ਹੈਨ ਸਭ ਕਤੂਰੇ ਕਤੂਰੀਆਂ ਵਰਗੀਆਂ ਚਊਂ-ਚਊਂ ਕਰਨ ਵਾਲੇ ਤੇ ਕਤੂਰੇ ਵੀ ਉਹ ਜਿਨ੍ਹਾਂ ਦੇ ਪੈਰ ਲੁੱਕ 'ਚ ਫਸੇ ਪਏ ਨੇ, ਨਾ ਤੁਰਨ ਜੋਗੇ ਨਾ ਖਲੋਣ ਜੋਗੇ।

ਬੀਵੀ : ਆਹੋ ਲੁੱਕ 'ਚ ਫਸਿਆ ਕਤੂਰਾ ? ਇਹਦੀ ਗੱਲ ਅੱਜ ਤੇਰੇ ਬਰਾੜ ਸਾਹਿਬ ਵੀ ਕਰਦੇ ਸਨ।

ਚਪੜਾਸੀ : ਜੀ ਮੇਰੇ ਨਈਂ ਤੁਹਾਡੇ।

ਬੀਵੀ : ਚੱਲ ਮੇਰੇ ਹੀ ਸਹੀ।

ਚਪੜਾਸੀ : ਬੀਬੀ ਜੀ, ਦਫ਼ਤਰ ਦੇ ਬਾਹਰ ਜਿਹੜੀ ਸੜਕ ਪਈ ਬਣਦੀ ਏ, ਉਹਦੇ ਲਈ ਲਿਆਂਦੇ ਲੁੱਕ ਦੇ ਡਰੰਮਾਂ ਵਿਚੋਂ ਇਕ ਡਰੰਮ ਕਿਧਰੇ ਡੁੱਲ ਗਿਆ ਏ, ਤੇ ਕੁਝ ਲੁੱਕ ਦਫ਼ਤਰ ਦੀ ਬਾਰੀ ਦੇ ਥੱਲੇ ਵਗ ਗਈ ਏ, ਇਕ ਕਤੂਰਾ ਕੱਲ੍ਹ ਦਾ ਉਸ ਵਿਚ ਫਸਿਆ ਏ, ਬਸ ਚਊਂ-ਚਊਂ ਕਰੀ ਜਾਂਦਾ ਏ।

ਬੀਵੀ : ਕਿਸੇ ਨੇ ਉਹਨੂੰ ਕੱਢਿਆ ਨਾ ?

ਚਪੜਾਸੀ : ਕੱਢੇ ਉਹ ਜਿਹੜਾ ਆਪਣੇ ਹੱਥ ਪੈਰ ਲੁੱਕ 'ਚ ਲਬੇੜੇ, ਹੁਣ ਉਹ ਜ਼ਮਾਨੇ ਗਏ ਜਦੋਂ ਕੋਈ ਕਿਸੇ ਲਈ ਕਰਦਾ ਸੀ, ਹੁਣ ਬਾਊਆਂ ਲਈ ਉਹ ਸਾਰਾ ਦਿਨ ਸ਼ੁਗਲ ਬਣਿਆ ਰਿਹਾ, ਜਿਹੜਾ ਲੰਘੇ ਕੁਝ ਨਾ ਕੁਝ ਕਹਿ ਜਾਏ, ਅਖੇ ਉਸ ਕੁੱਤੀ ਦੇ ਪੁੱਤਰ ਕੋਲੋਂ ਕੋਈ ਪੁੱਛੇ ਕਿ ਲੁੱਕ ਵਿਚ ਗਿਆ ਕਿਉਂ ? ਕੋਈ ਕਹੇ ਫਸਿਆ ਰਹਿਣ ਦਿਓ ਸੂ, ਓਏ ਮੈਂ ਸੋਚਾਂ ਇਹ ਉਹਦੇ ਉੱਤੇ ਪਏ ਹਸਦੇ ਨੇ, ਪਰ ਇਨ੍ਹਾਂ ਦੀ ਆਪਣੀ ਹਾਲਤ ਉਸ ਕਤੂਰੇ ਨਾਲੋਂ ਕੋਈ ਚੰਗੀ ਨਈਂ।

ਬੀਵੀ : ਕਿਉਂ ?

ਚਪੜਾਸੀ : ਹਰ ਵੇਲੇ ਚਊਂ-ਚਊਂ ਕਰਦੇ ਰਹਿਣਗੇ, ਆਪਣੇ ਉੱਤੇ ਦੇ ਅਫ਼ਸਰ ਦੀਆਂ ਵਧੀਕੀਆਂ ਬਾਰੇ ਬੁੜ-ਬੁੜ ਕਰਦੇ ਰਹਿਣਗੇ ਪਰ ਕਦੀ ਇਹ ਸੋਚਣ ਦੀ ਕੋਸ਼ਿਸ਼ ਨਈਂ ਕਰਨਗੇ ਕਿ ਉਨ੍ਹਾਂ ਦੀ ਹਾਲਤ ਇਹ ਕਿਉਂ ?

ਬੀਵੀ : ਕੀ ਕਰਨ ?

ਚਪੜਾਸੀ : ਕੁਝ ਤਾਂ ਕਰਨ, ਹੁਣ ਤੁਸੀਂ ਆਪਣੇ ਬਰਾੜ ਸਾਹਿਬ ਨੂੰ ਹੀ ਲਵੋ, ਦੋ ਐਮ. ਏ. ਉਨ੍ਹਾਂ ਨੇ ਕੀਤੇ, ਐਮ. ਏ. ਦੀ ਪੜ੍ਹਾਈ ਕੋਈ ਛੋਟੀ ਨਹੀਂ ਹੁੰਦੀ ਪਰ ਉਹ ਹਾਲੇ ਥਲਵੀਂ ਮੇਜ 'ਤੇ ਹੀ ਨੇ, ਸੁਪਰਡੈਂਟ ਸਾਹਿਬ ਮੇਰੇ ਖਿਆਲ 'ਚ ਦਸਵੀਂ ਹੋਵੇ ਪਰ ਉਹ ਉਨ੍ਹਾਂ ਤੋਂ ਉਤਲੀ ਮੇਜ

’ਤੇ ਨੇ ਤੇ ਜਿਹੜੇ ਸਾਰਿਆਂ ਨਾਲੋਂ ਉਤਲੀ ਮੇਜ਼ ’ਤੇ ਨੇ ਉਹ ਵੀ ਤਾਂ ਬਰਾੜ ਸਾਹਿਬ ਨਾਲੋਂ ਕੋਈ ਬਹੁਤਾ ਨਹੀਂ ਪੜ੍ਹੇ ਹੋਏ।

ਬੀਵੀ : ਇਹ ਤਾਂ ਦਾਅ ਦੀ ਗੱਲ ਏ।

ਚਪੜਾਸੀ : ਬਸ ਦਾਅ ਦੀ ਹੀ ਗੱਲ ਏ ਬੀਬੀ ਜੀ, ਕਈਆਂ ਦਾ ਲੱਗ ਗਿਆ ਤੇ ਕਈ ਫਸੇ ਰਹੇ... ਪਰ ਬੀਬੀ ਜੀ ਕਦੀ ਇਹ ਸੋਚਿਆ ਨਈਂ ਕਿ ਦਾਅ ਹਮੇਸ਼ਾਂ ਉਨ੍ਹਾਂ ਦਾ ਕਿਉਂ ਲੱਗਦਾ ਏ, ਜਿਹੜੇ ਬੜੇ ਹੌਲੇ ਬੰਦੇ ਹੋਣ, ਬੀਬੀ ਜੀ 15 ਸਾਲ ਫ਼ੌਜ ਦੀ ਨੌਕਰੀ ਕੀਤੀ ਏ, ਦੁਨੀਆ ਫਿਰੀ ਏ ਹੁਣ ਵੀ ਵੇਖ ਰਿਹਾ ਹਾਂ।

ਬੀਵੀ : ਬੜਾ ਕੁਝ ਵੇਖ ਰਿਹਾ ਏ ? ਅੱਛਾ ਇਹ ਦੱਸ ਤੇਰੇ ਬਰਾੜ ਸਾਹਿਬ ਦਾ...

ਚਪੜਾਸੀ : ਮੇਰੇ ਨਈਂ ਤੁਹਾਡੇ ਬਰਾੜ ਸਾਹਿਬ।

ਬੀਵੀ : ਚੱਲ ਮੇਰੇ ਸਹੀ... ਉਨ੍ਹਾਂ ਦਾ ਦਫ਼ਤਰ ਵਿਚ ਕਿਸੇ ਬਾਊਆਨੀ ਨਾਲ... ਮੇਰਾ ਮਤਲਬ ਜਿਹੜੀ ਚੰਚਲ ਹੋਵੇ... ਡੁੱਲ੍ਹ-ਡੁੱਲ੍ਹ ਪੈਂਦੀ ਹੋਵੇ, ਤੂੰ ਕਿੰਨੀਆਂ ਸਾਰੀਆਂ ਕਿਸਮਾਂ ਗਿਣਾ ਦਿੱਤੀਆਂ ਸਨ, ਯਾਦ ਨਈਂ ਰਿਹਾ।

ਚਪੜਾਸੀ : ਨਈਂ ਬੀਬੀ ਜੀ ਆਪਣੇ ਬਰਾੜ ਸਾਹਿਬ ਵੱਲੋਂ ਇਸ ਗੱਲ ਦੀ ਕਸਮ ਏ।

ਬੀਵੀ : ਤੂੰ ਝੂਠ ਨਾ ਬੋਲ, ਮੈਨੂੰ ਤੇਰੇ ਬਰਾੜ ਸਾਹਿਬ ਦਾ ਤੇਰੇ ਨਾਲੋਂ ਬਹੁਤਾ ਪਤਾ ਏ।

ਚਪੜਾਸੀ : ਪਤਾ ਰੱਖਣਾ ਹੀ ਚਾਹੀਦੈ ਬੀਬੀ ਜੀ, ਮਰਦ ਜਾਤ ਦਾ ਪਤਾ ਕੁਝ ਨਹੀਂ।

ਬੀਵੀ : ਬਰਾੜ ਸਾਹਿਬ ਇਧਰ ਓਧਰ ਝਾਕਣ ਤਾਂ ਸਹੀ ਜਾਂ ਇਨ੍ਹਾਂ ਵੱਲ ਕੋਈ ਝਾਕੇ, ਮੈਂ ਟੋਟੇ ਨਾ ਕਰਕੇ ਰੱਖ ਦੇਵਾਂ।

*(ਬਰਾੜ ਆਉਂਦਾ ਹੈ)*

ਕਲਰਕ : ਇਹ ਕੀਹਦੇ ਟੋਟੇ ਹੋ ਰਹੇ ਨੇ ਸ੍ਰੀਮਤੀ ਜੀ ?

ਬੀਵੀ : ਹੈ ਉਹ ਜਿਹੜੀ ਚੰਚਲ ਜਿਹੜੀ ਡੁੱਲ੍ਹ-ਡੁੱਲ੍ਹ ਪੈਂਦੀ ਏ।

ਚਪੜਾਸੀ : ਜਿਹੜੀ ਬਰਾੜ ਸਾਹਿਬ ਦੇ ਦਫ਼ਤਰ ਵਿਚ ਕੰਮ ਕਰਦੀ ਏ।

ਕਲਰਕ : ਸੁੱਚਾ ਸਿੰਘ ਇਹ ਤੇਰੀ ਸ਼ੈਤਾਨੀ ਲਗਦੀ ਏ, ਕਿਹੜੀ ਏ ਉਹ ਆਪਣੇ ਦਫ਼ਤਰ ?

ਬੀਵੀ : ਤੁਹਾਨੂੰ ਨਈਂ ਪਤਾ ?

ਕਲਰਕ : ਮੈਂ ਤਾਂ ਕਦੀ ਧਿਆਨ ਨਈਂ ਕੀਤਾ।

ਬੀਵੀ : ਬੜੇ ਭੋਲੇ ਬਣਦੇ ਹੋ ?

ਕਲਰਕ : ਅੱਛਾ ਪਹਿਲਾਂ ਚਾਹ ਧਰ, ਸੁੱਚਾ ਸਿੰਘ ਸਾਨੂੰ ਰੋਜ਼ ਪਿਆਉਂਦਾ ਏ, ਅੱਜ ਤੁਹਾਡੇ ਹੱਥ ਦੀ ਪੀਏ।

ਬੀਵੀ : ਬਸ ਗੱਲ ਟਾਲਣੀ ਕੋਈ ਤੁਹਾਡੇ ਕੋਲੋਂ ਸਿਖੇ।

*(ਜਾਂਦੀ ਹੈ)*

ਕਲਰਕ : ਤੀਵੀਆਂ ਨੂੰ ਇਹ ਗੱਲ ਜਾਨਣ ਦੀ ਬੜੀ ਉਤਸੁਕਤਾ ਰਹਿੰਦੀ ਏ ਕਿ ਉਨ੍ਹਾਂ ਦੇ ਮਰਦ ਬਾਹਰ ਕੀ ਕਰਦੇ ਨੇ ?

ਚਪੜਾਸੀ : ਤੇ ਸਾਹਿਬ ਮਰਦਾਂ ਦਾ ਵੀ ਇਹੋ ਕੁਝ ਹੁੰਦਾ ਏ ਕਿ ਆਪਣੀ ਜਿੰਨੀ ਮਰਜ਼ੀ ਸੋਹਣੀ ਹੋਵੇ, ਪਰਾਈ ਖੁਰਲੀ ਵੱਲ ਝਾਕਣ ਤੋਂ ਬਾਜ ਨਹੀਂ ਆਉਂਦੇ।

ਕਲਰਕ : ਅੱਛਾ ਇਹ ਦੱਸ ਕਿਸ ਤਰ੍ਹਾਂ ਆਇਆ ਏਂ ?

ਚਪੜਾਸੀ : ਫਾਈਲ ਲਿਆਇਆਂ ਸੀ, ਸਰਦਾਰ ਹੁਰਾਂ ਨੇ ਕਿਹਾ ਇਕ ਵਾਰੀ ਟੋਟਲ ਜ਼ਰੂਰ ਚੈੱਕ ਕਰ ਲੈਣ।

ਕਲਰਕ : ਪਰ ਉਨ੍ਹਾਂ ਆਪ ਨਹੀਂ ਕੀਤਾ ?

ਚਪੜਾਸੀ : ਉਨ੍ਹਾਂ ਦੇ ਘਰ ਮਹਿਮਾਨ ਆ ਗਏ ਸਨ, ਇਸ ਲਈ ਤੁਹਾਡੇ ਵੱਲ ਭੇਜ ਦਿੱਤਾ।

ਕਲਰਕ : ਆਹੋ ਉਨ੍ਹਾਂ ਨੂੰ ਤਾਂ ਇਹ ਸਾਡੇ ਕਿਹੜਾ ਮਹਿਮਾਨ ਆਉਣੇ ਨੇ, ਰੱਖ ਦੇਵੀਂ ਕਰ ਦਿਆਂਗੇ, ਇਹ ਵੀ ਸੂਦੇ ਦੀ ਹੀ ਸ਼ੈਤਾਨੀ ਲੱਗਦੀ ਏ।

ਚਪੜਾਸੀ : ਲਓ ਬਰਾੜ ਸਾਹਿਬ ਮੈਂ ਤਾਂ ਗੱਲ ਕਦੀ ਕੀਤੀ ਨਈਂ, ਇਹ ਸੂਦ ਹਮੇਸ਼ਾਂ ਸਾਹਿਬ ਅੱਗੇ ਤੁਹਾਡੀਆਂ ਚੁਗਲੀਆਂ ਲਗਾਉਂਦਾ ਰਹਿੰਦਾ ਏ, ਅਖੇ ਜਨਾਬ ਬਰਾੜਾ ਆਪਣੀ ਸੀਟ ’ਤੇ ਨਈਂ ਬੈਠਦਾ, ਭਾਵੇਂ ਸੱਚ ਇਹ ਵੇ ਕਿ ਜਿੰਨਾ ਉਹ ਆਪਣੀ ਸੀਟ ਤੋਂ ਉੱਠਦਾ ਏ ਹੋਰ ਕੋਈ ਨਹੀਂ ਉੱਠਦਾ।

ਕਲਰਕ : ਬੜਾ ਸਮਾਰਟ ਬਣਦਾ ਏ ਨਾ।

ਚਪੜਾਸੀ : ਹੁਣ ਤੁਹਾਡੇ ਕੋਲੋਂ ਕੀ ਲੁਕਿਆ ਹੋਇਆ ਏ, ਉਹ ਭਾਰਦਵਾਜ ਦੀ ਕੁੜੀ ਏ, ਉਹਦੇ ਉੱਤੇ ਡੋਰੇ ਸੁੱਟਦਾ ਏ।

ਕਲਰਕ : ਉਹ ਵੀ ਡੋਰੇ ਸੁੱਟਵਾ ਕੇ ਰਾਜ਼ੀ ਏ, ਪਰ ਇਕ ਦੂਜੇ ’ਤੇ ਡੋਰੇ ਸੁੱਟਣ ਸਾਨੂੰ ਕੀ ? ਪਰ ਮੇਰੀਆਂ ਚੁਗਲੀਆਂ ਕਰਦਾ ਏ ਤਾਂ ਇਕ ਵਾਰੀ ਮਜਾ ਚੱਖਾ ਦੇਵਾਂਗਾ ਸੂ, ਸਾਲਾ ਉਂਝ ਬੜਾ ਨਜ਼ਦੀਕੀ ਬਣਦਾ ਹੈ, ਬਰਾੜ ਸਾਹਿਬ ਇਹ ਟੋਟਲ ਕਰਨਾ ਏ, ਮੈਂ ਕਰ ਦੇਵਾਂ, ਫੇਰ ਆਪ ਹੀ ਸਾਹਿਬ ਨੂੰ ਜਾ ਕੇ ਆਖੇਗਾ ਬਰਾੜ ਤਾਂ ਮੇਜ਼ ’ਤੇ ਬਹਿੰਦਾ ਨਈਂ, ਜ਼ਰੂਰੀ ਫਾਈਲ ਸੀ ਮੈਂ ਆਖਿਆ ਕੰਮ ਦਾ ਹਰਜ ਨਾ ਹੋਵੇ ਸੋ ਮੈਂ

ਹੀ ਕਰ ਦਿੱਤਾ, ਮੈਂ ਇਸਦੇ ਨਾਲ ਇਕ ਦਿਨ ਚੰਗੀ ਤਰ੍ਹਾਂ ਨਿੱਬੜੂੰ।

*(ਬੀਵੀ ਆਉਂਦੀ ਹੈ)*

ਬੀਵੀ : ਕਿਸ ਦੇ ਨਾਲ ਨਿਬੜੋਗੇ ?

ਕਲਰਕ : ਹੈ ਇਕ ਸੂਦ ਦਾ ਬੱਚਾ।

ਬੀਵੀ : ਇਹ ਸੂਦ ਭਲਾ ਕੌਣ ਏ ?

ਕਲਰਕ : ਮੇਰੇ ਨਾਲ ਦੀ ਮੇਜ਼ ਵਾਲਾ ਗਵਾਂਢੀ ਏ, ਮੂੰਹ ਦਾ ਬਾਣੀਆ ਪੂਰਾ ਮਿੱਠਾ ਏ, ਪਰ ਸਾਹਿਬ ਅੱਗੇ ਹਰ ਵੇਲੇ ਚੁਗਲੀਆਂ ਲਗਾਏਗਾ।

ਬੀਵੀ : (ਚਾਹ ਫੜਾਉਂਦੇ ਹੋਏ) ਇਹੋ ਤਾਂ ਮੈਂ ਕਹਿਨੀ ਆਂ, ਜਿਹੜੇ ਜ਼ੁਬਾਨ ਦੇ ਮਿੱਠੇ ਹੁੰਦੇ ਨੇ, ਦਿਲ ਦੇ ਬੜੇ ਖੋਟੇ ਹੁੰਦੇ ਨੇ, ਹੁਣ ਇਸ ਸ਼ਹਿਰਨ ਨੂੰ ਹੀ ਲੈ ਲਵੋ।

ਕਲਰਕ : ਤੈਨੂੰ ਤਾਂ ਸ਼ਹਿਰਨ ਦਾ ਸਾੜਾ ਹੀ ਪਿਆ ਰਹੇਗਾ। ਮੈਂ ਗੱਲ ਸੂਦ ਦੀ ਕਰ ਰਿਹਾ ਹਾਂ, ਹਰ ਵੇਲੇ ਸਵਾਲ ਪਾਏਗਾ, ਅਸੀਂ ਤਾਂ ਬਰਾੜ ਸਾਹਿਬ ਤੁਹਾਡੇ ਬੱਚੇ ਹੋਏ, ਅੱਜ ਚਾਹ ਪਿਆ ਦਿਓ ਨਾ।

ਬੀਵੀ : ਇਹੋ ਤਾਂ ਗੱਲ ਉਸ ਸ਼ਹਿਰਨ ਦੀ ਏ, ਹਰ ਵੇਲੇ ਸਵਾਲ, ਤੁਹਾਡੀ ਕਣਕ ਤਾਂ ਪਿੰਡੋਂ ਆਉਂਦੀ ਏ, ਬਿਲਕੁਲ ਖਰੀ, ਇਥੋਂ ਦੀ ਕਣਕ ਵਿਚ ਤਾਂ ਸੁਸਰੀ ਹੀ ਸੁਸਰੀ ਹੁੰਦੀ ਏ, ਸਾਨੂੰ ਵੀ ਪਿਛੋਂ ਮੰਗਵਾ ਦਿਓ।

ਕਲਰਕ : ਅਖੇ ਬਰਾੜ ਸਾਹਿਬ ਜ਼ਰਾ ਆਪਣੀ ਬਾਲ ਪੈਨ ਦੇਣਾ, ਮੇਰੇ ਵਾਲੀ ਦਾ ਤਾਂ ਰਿਫਲ ਹੀ ਮੁੱਕ ਗਿਆ ਏ।

ਬੀਵੀ : ਅਖੇ ਭੈਣ ਜੀ ਕੌਲੀ ਕੁ ਖੰਡ ਦੇਣੀ, ਸਰਦਾਰ ਹੁਰਾਂ ਨੂੰ ਬਥੇਰਾ ਕਿਹਾ ਪਰ ਲਿਆਉਣੀ ਹੀ ਭੁੱਲ ਗਏ।

ਕਲਰਕ : ਅਖੇ ਬਰਾੜ ਸਾਹਿਬ ਆਪਣੇ ਸਾਈਕਲ ਦੀ ਚਾਬੀ ਦੇਣੀ, ਮੇਰਾ ਰਾਹ ਵਿਚ ਪੈਂਚਰ ਹੋ ਗਿਆ ਏ।

ਬੀਵੀ : ਅਖੇ ਭੈਣ ਜੀ ਤੁਹਾਡੇ ਕੋਲ ਕਮੀਜ਼ਾਂ ਨੂੰ ਲਾਉਣ ਵਾਲੇ ਬਟਨ ਹੋਣਗੇ, ਪਤਾ ਨਈਂ ਇਨ੍ਹਾਂ ਦੇ ਬਟਨ ਕਿਉਂ ਰੋਜ਼ ਟੁੱਟ ਜਾਂਦੇ ਨੇ।

ਕਲਰਕ : ਪਰ ਤੂੰ ਕੀਹਦੀ ਗੱਲ ਕਰ ਰਹੀ ਏ ?

ਬੀਵੀ : ਆਪਣੀ ਗੁਆਂਢਣ ਦੀ।

ਕਲਰਕ : ਸਿਆਪਾ ਗੁਆਂਢਣ ਦਾ।

ਬੀਵੀ : ਤੇ ਤੁਸੀਂ ਕੀਹਦੀ ਗੱਲ ਕਰ ਰਹੇ ਹੋ ?

ਕਲਰਕ : ਸੂਦ ਦੀ।

ਬੀਵੀ : ਸਿਆਪਾ ਸੂਦ ਦਾ।

ਚਪੜਾਸੀ : ਸਿਆਪਾ ਹੈ ਹੀ ਸਾਰਾ ਇਸੇ ਗੱਲ ਦਾ ਬਰਾੜ ਸਾਹਿਬ।

ਕਲਰਕ : ਕਿਸ ਗੱਲ ਦਾ ?

ਚਪੜਾਸੀ : ਕਿ ਅਸੀਂ ਜ਼ਿੰਦਗੀ ਦੇ ਨਿੱਕੇ-ਨਿੱਕੇ ਸਿਆਪਿਆਂ 'ਚ ਐਨੇ ਉਲਝੇ ਹੋਏ ਹਾਂ ਕਿ ਜਿਹੜਾ ਵੱਡਾ ਸਿਆਪਾ ਸਾਨੂੰ ਪਿਆ ਹੋਇਆ ਏ ਉਹਦੇ ਬਾਰੇ ਅਸੀਂ ਕਦੀ ਸੋਚਿਆ ਨਈਂ।

ਕਲਰਕ : ਵੱਡਾ ਸਿਆਪਾ ਕੀ ਮਤਲਬ ਸੁੱਚਾ ਸਿਆਂ ?

ਚਪੜਾਸੀ : ਕੱਲ੍ਹ ਵਾਲਾ ਕਤੂਰਾ ਲੁੱਕ 'ਚ ਫਸਿਆ ਚਊਂ-ਚਊਂ ਕਰਦਾ ਰਿਹਾ ਸੀ ਪਰ ਕੋਈ ਇਹ ਨਹੀਂ ਜਾਣ ਸਕਿਆ ਸੀ ਕਿ ਲੁੱਕ ਉਸ ਥਾਂ 'ਤੇ ਆਈ ਕਿਸ ਤਰ੍ਹਾਂ ? ਜਿਹੜੀ ਥਾਂ ਉਹਦੇ ਰੋਜ਼ ਖੇਡਣ ਦੀ ਸੀ। ਅਸੀਂ ਵੀ ਲੁੱਕ ਵਿਚ ਫਸੇ ਹਾਂ, ਪਰ ਕਦੀ ਸੋਚਣ ਦੀ ਕੋਸ਼ਿਸ਼ ਨਹੀਂ ਕੀਤੀ ਕਿ ਲੁੱਕ ਵਿਚ ਫਸੇ ਕਿਉਂ ਹਾਂ ?

ਚਾਹ ਤਾਂ ਬੀਬੀ ਨੇ ਬਾਹਲੀ ਸਵਾਦ ਬਣਾਈ ਏ, ਦਫ਼ਤਰ ਵਾਲੀ ਚਾਹ ਤਾਂ ਐਵੇਂ ਡੰਗ ਟਪਾਊ ਹੀ ਹੁੰਦੀ ਏ।

ਬੀਵੀ : ਹਾਂ ਤੇ ਦੱਸੋ ਕਹੀ ਤੁਸੀਂ ਲੈ ਆਏ ਹੋ ?

ਕਲਰਕ : ਲੈ ਆਇਆ ਹਾਂ ਪਰ ਫਾਇਦਾ ਕੋਈ ਨਹੀਂ। ਕਹਿੰਦੇ ਨੇ ਦਫ਼ਤਰ ਵਾਲਿਆਂ ਦੀ ਘਾਹ ਲਗਾਉਣ ਦੀ ਸਕੀਮ ਬਣ ਗਈ ਏ।

ਚਪੜਾਸੀ : ਆਹੋ ਪਰਲੇ ਪਾਸੇ ਤੋਂ ਤਾਂ ਉਨ੍ਹਾਂ ਟਰੈਕਟਰ ਚਲਾਉਣਾ ਵੀ ਸ਼ੁਰੂ ਕਰ ਦਿੱਤਾ ਏ।

ਬੀਵੀ : ਨਾ ਉਨ੍ਹਾਂ ਨੂੰ ਕੀ ਤਕਲੀਫ ਏ, ਜੇ ਅਸੀਂ ਆਪਣੀ ਮਿਹਨਤ ਨਾਲ ਦੋ ਸਬਜ਼ੀਆਂ ਲਾ ਲਈਏ, ਨਿੱਕ-ਸੁੱਕ ਨਾਲ ਹੀ ਡੰਗ ਟੱਪ ਜਾਂਦਾ ਏ।

ਕਲਰਕ : ਦੇਖ ਕੇ ਜਰਦੇ ਨਹੀਂ, ਕਹਿੰਦੇ ਨੇ ਕਿ ਇਹ ਕਿਸੇ ਅਫ਼ਸਰ ਦੀ ਕਾਢ ਏ ਕਿ ਸਾਰੇ ਪਾਸੇ ਘਾਹ ਲੱਗੇ ਤਾਂ ਜੋ ਥਾਂ ਸੋਹਣੀ-ਸੋਹਣੀ ਲੱਗੇ।

ਚਪੜਾਸੀ : ਜਿਹੜਾ ਕੁਰਸੀ 'ਤੇ ਬਹਿੰਦਾ ਏ, ਬਸ ਆਪਣੇ ਆਪ ਨੂੰ ਖੁਦਾ ਸਮਝਣ ਲੱਗ ਪੈਂਦਾ ਏ।

ਬੀਵੀ : ਮੈਂ ਕਹਿਨੀ ਆਂ ਜੇ ਸਾਡੀਆਂ ਕਿਆਰੀਆਂ ਨਹੀਂ ਰਹਿਣ ਦੇਣੀਆਂ ਤਾਂ ਕੋਠੀਆਂ ਆਲਿਆਂ ਦੀਆਂ ਕਿਆਰੀਆਂ ਵੀ ਪੁੱਟਣ ਫੇਰ, ਓਥੇ ਵੀ ਘਾਹ ਲਾਉਣ।

ਕਲਰਕ : ਕਮਲੀਏ ਉਨ੍ਹਾਂ ਦੇ ਆਲੇ-ਦੁਆਲੇ ਤਾਂ ਕੰਧਾਂ ਨੇ ਤੇ ਕੰਧਾਂ ਦੇ ਅੰਦਰ ਵਾਰ ਇਕ ਪਾਸੇ ਸਬਜ਼ੀ ਬੀਜੀ ਹੋਈ ਏ, ਦੂਜੇ ਪਾਸੇ ਮਖਮਲੀ ਘਾਹ।

ਬੀਵੀ : ਆਪਣੇ ਦੁਆਲੇ ਵੀ ਕੰਧਾਂ ਕਰ ਦੇਣ, ਨਿੱਤ-ਨਿੱਤ ਦੇ ਝਗੜੇ ਤੇ ਮੁੱਕਣ।

ਚਪੜਾਸੀ : ਬੀਬੀ ਜੀ ਇਹ ਕੰਧਾਂ ਪੈਣੀਆਂ ਚੰਗੀ ਗੱਲ ਨਈਂ, ਭਰਾਵਾਂ-ਭਰਾਵਾਂ

ਦੇ ਦਰਮਿਆਨ ਜੇਕਰ ਕੰਧਾਂ ਪੈ ਜਾਣ ਤਾਂ ਨਤੀਜੇ ਕੋਈ ਚੰਗੇ ਨਹੀਂ ਨਿਕਲਦੇ।

ਬੀਵੀ : ਭਰਾ-ਭਰਾ ਕਾਹਦਾ ਵੀਰਾ, ਥਾਂ-ਥਾਂ ਦੀ ਠੀਕਰੀ ਕੱਠੀ ਹੋਈ ਏ।

ਚਪੜਾਸੀ : ਭਾਵੇਂ ਥਾਂ-ਥਾਂ ਦੀ ਠੀਕਰੀ ਏ ਪਰ ਬੀਬੀ ਜੀ ਜੇ ਡੂੰਘੀ ਨਜ਼ਰ ਮਾਰੀਏ ਤਾਂ ਅਸੀਂ ਕੁਆਟਰਾਂ ਵਾਲੇ ਇਕ ਪੱਖੋਂ ਭਰਾ ਜ਼ਰੂਰ ਹਾਂ ਕਿਉਂਕਿ ਸਾਡੇ ਮਸਲੇ ਇਕੋ ਹਨ, ਸਾਂਝੇ ਦੁੱਖ ਇਕ ਹਨ।

ਕਲਰਕ : ਹੁਣ ਤੂੰ ਕੰਧਾਂ ਦੀ ਗੱਲ ਕਰਦੀ ਏ, ਕੁਆਟਰਾਂ 'ਚ ਜਦੋਂ ਕਿਸੇ ਦੀ ਗੱਲ ਹੋਵੇ, ਵੱਡੇ ਅਫ਼ਸਰ ਤਾਂ ਝੱਟ ਕਹਿੰਦੇ ਸੁਣੀਦੇ ਨੇ ਕਿ ਇਨ੍ਹਾਂ ਨੂੰ ਆਲੀਸ਼ਾਨ ਪੱਕੇ ਮਕਾਨ ਮਿਲ ਗਏ ਰੱਬ ਦਾ ਸ਼ੁਕਰ ਕਰਨ।

ਬੀਵੀ : ਕਿਉਂ ਅਸੀਂ ਇਨ੍ਹਾਂ ਵਰਗੇ ਬੰਦੇ ਨਈਂ ?

ਚਪੜਾਸੀ : ਬੀਬੀ ਜੀ ਉਨ੍ਹਾਂ ਦੀ ਨਿਗ੍ਹਾ 'ਚ ਛੋਟੇ ਘਰਾਂ ਵਾਲੇ ਛੋਟੇ ਬੰਦੇ ਆ, ਤੁਸੀਂ ਤਾਂ ਆਪਣੇ ਕੁਆਟਰਾਂ ਦੀ ਗੱਲ ਕਰਦੇ ਹੋ, ਕਦੇ ਸਾਡੇ ਘਰ ਵੀ ਵੇਖੋ, ਜੋ ਇਨ੍ਹਾਂ ਸਾਨੂੰ ਬਣਾ ਕੇ ਦਿੱਤੇ ਨੇ, ਕਰੋੜਾਂ ਦਾ ਖਰਚ ਹੋ ਗਿਆ ਵੱਡੀਆਂ ਬਿਲਡਿੰਗਾਂ ਬਣਾਉਣ 'ਤੇ, ਕੋਠੀਆਂ ਬਣਾਉਣ 'ਤੇ ਪਰ ਸਾਰੀ ਕਿਰਸ ਕਲਾਸ ਫੋਰ ਦੇ ਕੁਆਟਰ ਬਣਾਉਣ ਵੇਲੇ ਕੱਢ ਲਈ।

ਬੀਵੀ : ਤੁਸੀਂ ਤਾਂ ਗੱਲ ਕਰਦੇ ਹੁੰਦੇ ਹੋ ਕਿ ਸਾਰਿਆਂ ਨੂੰ ਇਕੋ ਜਿਹੇ ਮਕਾਨ ਹੋਣ, ਇਕੋ ਜਿਹਾ ਹੀ ਕੰਮ ਹੋਵੇ, ਇਕੋ ਜਿਹਾ ਰੋਟੀ-ਪਾਣੀ, ਏਥੇ ਤਾਂ ਉਲਟੀ ਗੰਗਾ ਪਈ ਚਲਦੀ ਏ।

ਚਪੜਾਸੀ : ਇਹ ਬੀਬੀ ਜੀ ਸਭ ਵੱਡਿਆਂ ਦੇ ਲੈਕਚਰ ਨੇ ਜਿਹੜੇ ਵੱਡੇ ਹੋ ਗਏ, ਉਨ੍ਹਾਂ ਨੂੰ ਨਿੱਕਿਆਂ ਦਾ ਖਿਆਲ ਕਦੋਂ।

ਬੀਵੀ : ਕੋਠੀਆਂ ਦੇ ਕਮਰੇ ਜਿਹੜੇ ਥੋੜ੍ਹੇ ਆ, ਬੱਚਿਆਂ ਦੇ ਚੀਕ ਚਿਹਾੜੇ ਵਾਲੀ ਰੌਣਕ ਤਾਂ ਕਦੇ ਦੇਖੀ ਨਈਂ, ਪਤਾ ਨਈਂ ਐਨੇ ਕਮਰਿਆਂ ਨੂੰ ਕਰਦੇ ਕੀ ਆ।

ਕਲਰਕ : ਲੁੱਕਣ ਮੀਟੀ ਖੇਡਦੇ ਆ ਅੰਦਰੇ ਹੀ ਦਰਵਾਜ਼ੇ ਬੰਦ ਕਰਕੇ।

ਬੀਵੀ : ਅੱਛਾ ਮਾਰੋ ਗੋਲੀ, ਤੁਸੀਂ ਕਹੀ ਲਿਆਏ ਹੋ ਤਾਂ ਕਿਆਰੀਆਂ ਬਣਾ ਦਿਓ ਅੱਜ।

ਕਲਰਕ : ਪਰ...

ਬੀਵੀ : ਪਰ ਪੁਰ ਕੀ ? ਜਿਨ੍ਹਾਂ ਚਿਰ ਘਾਹ ਲੱਗੇਗਾ ਅਸੀਂ ਮੂਲੀਆਂ ਦਾ ਇਕ ਪਰਾਗਾ ਲੈ ਹੀ ਲੈਣਾ ਹੈ।

ਚਪੜਾਸੀ : ਨਹੀਂ ਬੀਬੀ ਜੀ ਉਨ੍ਹਾਂ ਅੱਜ ਕੱਲ੍ਹ ਵਿਚੇ ਹੀ ਸਾਰਾ ਟਰੈਕਟਰ ਫੇਰ ਦੇਣਾ ਏ।

ਕਲਰਕ : ਸੁੱਚਾ ਸਿੰਘ ਤੇਰੀ ਬੀਬੀ ਨੇ ਮੈਥੋਂ ਮੂਲੀਆਂ ਲਗਵਾ ਕੇ ਹੀ ਸਾਹ ਲੈਣਾ ਏ, ਗੁਆਂਢਣ ਦੀਆਂ ਲੱਗ ਗਈਆਂ ਨੇ ਇਹਦੀਆਂ ਕਿਉਂ ਨਾ ਲੱਗਣ।

*(ਰੌਲਾ ਪੈਂਦਾ ਹੈ, ਬਾਹਰੋਂ ਅਵਾਜ਼ਾਂ)*

1 : ਪਰ ਤੁਸੀਂ ਪਹਿਲਾਂ ਸਾਨੂੰ ਦੱਸਣਾ ਤਾਂ ਸਹੀ।

2 : ਅਚਾਨਕ ਸਾਡੀ ਸਾਰੀ ਮਿਹਨਤ ਜ਼ਾਇਆ ਹੋ ਗਈ।

1 : ਇਹ ਹੱਕ ਤੁਹਾਨੂੰ ਕੀਹਨੇ ਦਿੱਤਾ ਏ ?

*(ਬਰਾੜ ਸਾਹਿਬ ਬਾਹਰ ਜਾਂਦੇ ਹਨ)*

1 : ਬਰਾੜ ਸਾਹਿਬ ਤੁਸੀਂ ਹੀ ਇਨ੍ਹਾਂ ਨੂੰ ਸਮਝਾਓ ਟਰੈਕਟਰ ਕੁਝ ਦਿਨ ਬਾਅਦ ਵੀ ਚੱਲ ਸਕਦਾ ਏ।

2 : ਘਾਹ ਕੁਝ ਚਿਰ ਠਹਿਰ ਕੇ ਵੀ ਲੱਗ ਸਕਦਾ ਏ।

1 : ਇਹ ਤਾਂ ਹਨੇਰ ਏ।

2 : ਅਸੀਂ ਵੀ ਆਖਰ ਮਹਿਕਮੇ ਦੇ ਮੁਲਾਜ਼ਮ ਹਾਂ।

1 : ਕੀ ਕਿਹਾ ਹੁਕਮ ਏ

2 : ਪਰ ਇਹੋ ਜਿਹਾ ਵੀ ਕੀ ਹੁਕਮ ਹੋਇਆ।

*(ਬਰਾੜ ਆਉਂਦਾ ਹੈ।)*

ਕਲਰਕ : ਉਨ੍ਹਾਂ ਨੇ ਸਭ ਸੁਹਾਗਾ ਫੇਰ ਦਿੱਤਾ ਏ।

ਬੀਵੀ : ਸਾਰੀ ਥਾਂ 'ਤੇ ?

ਕਲਰਕ : ਹਾਂ ਸਾਰੀ ਥਾਂ 'ਤੇ, ਤੇਰੀ ਗੁਆਂਢਣ ਨੇ ਜਿਹੜੀਆਂ ਸਵੇਰੇ ਕਿਆਰੀਆਂ ਬਣਾਈਆਂ ਸਨ ਉਨ੍ਹਾਂ 'ਤੇ ਵੀ, ਹੁਣ ਖੁਸ਼ ਏ ਨਾ ?

ਬੀਵੀ : ਪਰ ਤੁਸੀਂ ਮੈਨੂੰ ਮੇਹਣੇ ਕਿਉਂ ਦਿੰਦੇ ਹੋ, ਮੈਂ ਕਦੋਂ ਚਾਹਿਆ ਸੀ ?

ਕਲਰਕ : ਇਹੋ ਸਾਡੀ ਜ਼ਿੰਦਗੀ ਦਾ ਦੁਖਾਂਤ ਏ, ਅਸੀਂ ਆਪਸ ਵਿਚ ਬੜੀਆਂ ਗੱਲਾਂ 'ਚ ਉਲਝੇ ਰਹਿੰਦੇ ਹਾਂ, ਬੜੀਆਂ ਨਿੱਕੀਆਂ-2 ਗੱਲਾਂ ਤੇ ਈਰਖਾਵਾਂ ਕਰਦੇ ਹਾਂ, ਪਰ ਜਿਹੜੇ ਸਾਡੇ ਅਰਮਾਨਾਂ ਉੱਤੇ ਸੁਹਾਗਾ ਫੇਰਦੇ ਨੇ ਉਨ੍ਹਾਂ ਵਿਰੁੱਧ ਕੁਝ ਵੀ ਨਈਂ ਕਹਿ ਸਕਦੇ।

ਚਪੜਾਸੀ : ਬਰਾੜ ਸਾਹਿਬ ਕਤੂਰੇ ਦੇ ਪੈਰ ਲੁੱਕ 'ਚ ਫਸੇ ਹੋਣ ਉਹ ਨਾ ਤੁਰਨ ਜੋਗਾ ਹੁੰਦਾ ਏ ਨਾ ਖਲੋਣ ਜੋਗਾ ਹੁੰਦਾ ਏ ਪਰ...

ਕਲਰਕ : ਪਰ ਕੀ ?

ਚਪੜਾਸੀ : ਉਹ ਚਊਂ-ਚਊਂ ਕਰਨ ਦੀ ਥਾਂ ਕੋਈ ਚਾਰਾ ਕਰੇ।

ਕਲਰਕ : ਕੀ ਚਾਰਾ ਕਰੇ ?

ਚਪੜਾਸੀ : ਹਿੰਮਤ ਕਰਕੇ, ਇਰਾਦਾ ਬਣਾ ਕੇ, ਇਕੋ ਵਾਰ ਪੂਰਾ ਜ਼ੋਰ ਲਗਾ

ਕੇ ਛਾਲ ਮਾਰੇ ਤਾਂ ਇਸ ਲੁੱਕ ਤੋਂ ਨਿਜ਼ਾਤ ਪਾ ਸਕਦਾ ਏ।
(ਸੁੱਚਾ ਸਿੰਘ ਇਕ ਪਾਸੇ ਚੱਲਣ ਦੀ ਮੁਦਰਾ ਵਿਚ ਮੂਕ ਹੋ ਜਾਂਦਾ ਹੈ ਅਤੇ ਕਲਰਕ ਤੇ ਬੀਵੀ ਉਸੇ ਮੁਦਰਾ ਵਿਚ ਜਿਸ ਤਰ੍ਹਾਂ ਉਨ੍ਹਾਂ ਉੱਤੇ ਇਸ ਕਹੀ ਗੱਲ ਦਾ ਅਸਰ ਹੋਇਆ ਹੋਵੇ, ਬਾਹਰੋਂ ਟਰੈਕਟਰ ਚੱਲਣ ਦੀ ਅਵਾਜ਼ ਨਾਲ ਹੀ ਪਰਦਾ ਹੁੰਦਾ ਹੈ।)